# ਖ਼ੁਦਾ ਦਾ ਨਵਾਂ ਇੰਤਜ਼ਾਮ

ਬਾਈਬਲ ਦੇ ਵਿਦਿਆਰਥੀ ਮਨੁੱਖ ਜਾਤੀ ਲਈ ਖ਼ੁਦਾ ਦੇ ਇੰਤਜ਼ਾਮ ਨੂੰ ਤਿੰਨ ਵਿਲੱਖਣ ਕਾਲਾਂ ਭਾਵ ਪੁਰਖਿਆਂ ਦੇ ਯੁਗ, ਯਹੂਦੀ ਕਾਲ ਅਤੇ ਮਸੀਹੀ ਕਾਲ ਦੇ ਤੌਰ 'ਤੇ ਵੇਖਦੇ ਹਨ। ਮਨੁੱਖੀ ਇਤਿਹਾਸ ਦੇ ਇਨ੍ਹਾਂ ਤਿੰਨ ਮਸ਼ਹੂਰ ਕਾਲਾਂ ਨੂੰ ਉਸ ਸਮੇਂ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਜਦ ਵੱਖੋ-ਵੱਖ ''ਪ੍ਰਬੰਧਾਂ'' ਵਿਚ ਖ਼ੁਦਾ ਨੇ ਆਪਣੀ ਇੱਛਾ ਅਤੇ ਕਿਰਪਾ ਨਾਲ ਲੋਕਾਂ ਨਾਲ ਵਿਹਾਰ ਕੀਤਾ।

''ਪੁਰਖਿਆਂ'' ਦੇ ਸਮੇਂ ਅਤੇ ਪ੍ਰਬੰਧ ਵਿਚ ਖ਼ੁਦਾ *ਪਰਿਵਾਰਾਂ* ਨਾਲ ਕੰਮ ਕਰਦਾ ਸੀ। *ਪਿਤਾ* ਰਾਹੀਂ ਹੀ ਖ਼ੁਦਾ ਆਪਣੀ ਗੱਲ ਕਰਦਾ ਸੀ ਜਿਸ ਕਰਕੇ ਇਸ ਪ੍ਰਬੰਧ ਵਿਚ ਯਾਜਕ, ਪਿਤਾ ਦੀ ਧਾਰਣਾ ਨੂੰ ਹੀ ਮੰਨਿਆ ਜਾਂਦਾ ਸੀ। ਲੀਡਰਸ਼ਿਪ ਅਤੇ ਹਕੂਮਤ ਅਤੇ ਕਈ ਭਾਈ ਬੰਧੂਆਂ ਨੂੰ ਦਿੱਤੀ ਜਾ ਸਕਦੀ ਸੀ ਅਤੇ ਪੁਰਖਾ ਹੋਣ ਦਾ ਇਖ਼ਤਿਆਰ ਪਲੌਠੇ ਪੁੱਤਰ ਨੂੰ ਦਿੱਤਾ ਜਾਂਦਾ ਸੀ।

ਅਗਲੇ ਪ੍ਰਬੰਧ ਨੂੰ ''ਯਹੂਦੀ'' ਕਾਲ ਜਾਂ ''ਮੂਸਾ'' ਦੀ ਸ਼ਰ੍ਹਾ ਦਾ ਕਾਲ ਕਿਹਾ ਜਾਂਦਾ ਹੈ। ਇਹ ਉਹ ਸਮਾਂ ਸੀ ਜਦ ਸੀਨੈ ਪਹਾੜ ਤੇ ਮੂਸਾ ਵੱਲੋਂ ਦਿੱਤੀ ਖ਼ਾਸ ਸ਼ਰ੍ਹਾ ਅਧੀਨ ਖ਼ੁਦਾ ਇਕ *ਕੌਮ* ਨਾਲ ਸਬੰਧ ਰੱਖਦਾ ਸੀ (ਕੂਚ 20; ਯੂਹੰਨਾ 1:17)। ਸ਼ਰ੍ਹਾ ਦੇ ਇਸ ਬੇਹਤਰੀਨ ਪ੍ਰਬੰਧ ਵਿਚ ਲੇਵੀ ਦੇ ਕਬੀਲੇ ਭਾਵ *ਯਾਜਕਾਈ* ਦੇ ਕਬੀਲੇ ਲਈ ਪ੍ਰਬੰਧ ਸਨ; ਮੂਸਾ ਦਾ ਭਰਾ ਹਾਰੂਨ ਪਹਿਲਾ ਪ੍ਰਧਾਨ ਯਾਜਕ ਸੀ (ਕੂਚ 28; 29)। ਇਹ ਨਿਰਾਲੀ ਸ਼ਰ੍ਹਾ ਰੂਹਾਨੀ ਵੀ ਸੀ ਅਤੇ ਦੁਨਿਆਵੀ ਵੀ। ਇਸ ਵਿਚ ਨਾ ਸਿਰਫ਼ ਖ਼ੁਦਾ ਲਈ ਇਸਰਾਏਲ ਦੀ ਬੰਦਗੀ ਅਤੇ ਸੇਵਾ ਬਾਰੇ ਹੀ ਲਿਖਿਆ ਗਿਆ ਸੀ ਸਗੋਂ ਉਸ ਨਵੀਂ ਕੌਮ ਲਈ ਇਹ ਕਾਨੂੰਨ ਵੀ ਸੀ। ਇਸ ਕਰਕੇ ਇਸ ਵਿਚ ਜੁਰਮ, ਸਜ਼ਾ, ਮਾਲੀ ਝਗੜੇ, ਸਿਹਤ ਵਿਗਿਆਨ ਤਕ ਬਾਰੇ ਨਿਯਮ ਸਨ।

ਮੂਸਾ ਦੀ ਸ਼ਰ੍ਹਾ ਸਿਰਫ਼ ਇਸਰਾਏਲ ਕੌਮ ਨੂੰ ਹੀ ਦਿੱਤੀ ਗਈ ਸੀ (ਕੂਚ 34:27, 28) ਅਤੇ ਧਰਤੀ ਦੇ ਜ਼ਿਆਦਾਤਰ ਲੋਕਾਂ 'ਤੇ, ਜਿਨ੍ਹਾਂ ਨੂੰ ਸਮੂਹਕ ਤੌਰ 'ਤੇ ਗ਼ੈਰ ਕੌਮਾਂ ਕਿਹਾ ਜਾਂਦਾ ਸੀ, ਲਾਗੂ ਨਹੀਂ ਹੁੰਦੀ ਸੀ। ਯਹੂਦੀਆਂ ਲਈ ਮੂਸਾ ਦੀ ਸ਼ਰ੍ਹਾ ਦੇ ਅਮਲ ਵਿਚ ਰਹਿਣ ਦੀਆਂ ਪੰਦਰਾਂ ਸਦੀਆਂ ਦੌਰਾਨ ਗ਼ੈਰ ਕੌਮਾਂ ਲਈ ਕਿਸੇ ਤਰ੍ਹਾਂ ਦੀ ਸ਼ਰ੍ਹਾ ਦੇਣ ਦੀ ਗੱਲ ਬਾਰੇ ਬਾਈਬਲ ਕੁਝ ਨਹੀਂ ਦੱਸਦੀ, ਪਰ ਘਟਨਾਵਾਂ ਤੋਂ ਪਤਾ ਲਗਦਾ ਹੈ ਕਿ ਖ਼ੁਦਾ ਨੂੰ ਗ਼ੈਰ ਕੌਮਾਂ ਦੀ ਵੀ ਫ਼ਿਕਰ ਸੀ।[1]

ਯਹੂਦੀ ਪ੍ਰਬੰਧ ਦੌਰਾਨ ਗ਼ੈਰ ਕੌਮਾਂ ਨਾਲ ਖ਼ੁਦਾ ਦੇ ਸਬੰਧਾਂ ਦੀ ਝਲਕ ਪੂਰੇ ਪੁਰਾਣੇ ਨੇਮ ਦੇ ਇਤਿਹਾਸ ਵਿਚ ਮਿਲਦੀ ਹੈ। ਇਸ ਕਰਕੇ ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਪੁਰਖਿਆਂ ਦਾ ਪ੍ਰਬੰਧ ਮਸੀਹ ਦੇ ਸਲੀਬ 'ਤੇ ਚੜ੍ਹਾਏ ਜਾਣ ਤਕ ਗ਼ੈਰ ਕੌਮਾਂ 'ਤੇ ਲਾਗੂ ਰਿਹਾ।

ਤੀਜੇ ਪ੍ਰਬੰਧ ਨੂੰ ''ਮਸੀਹੀ'' ਪ੍ਰਬੰਧ ਕਿਹਾ ਜਾਂਦਾ ਹੈ। ਯਿਸੂ ਨੇ ਸਲੀਬ 'ਤੇ ਮਰ ਕੇ ਪੂਰੀ ਦੁਨੀਆਂ ਲਈ ਇਕ ਨਵੀਂ ਸ਼ਰ੍ਹਾ ਦੇ ਦਿੱਤੀ ਸੀ। ਪੌਲੁਸ ਨੇ ਦਾਅਵਾ ਕੀਤਾ ਕਿ ਮਸੀਹੀ ਲੋਕ ''ਪਾਪ ਅਤੇ ਮੌਤ ਦੀ ਸ਼ਰ੍ਹਾ'' ਤੋਂ ਅਜ਼ਾਦ ਹੋ ਗਏ ਹਨ ਕਿਉਂਕਿ ਉਹ ''ਜੀਵਨ ਦੇ ਆਤਮਾ

ਦੀ ਸ਼ਰ੍ਹਾ'' ਵਿਚ ਆ ਗਏ ਹਨ (ਰੋਮੀਆਂ 8:2)। ਉਹਨੇ ''ਮਸੀਹ ਦੀ ਸ਼ਰ੍ਹਾ'' (1 ਕੁਰਿੰਥੀਆਂ 9:21) ਦੇ ਹੇਠ ਹੋਣ ਅਤੇ ''ਮਸੀਹ ਦੀ ਸ਼ਰ੍ਹਾ ਨੂੰ ਪੂਰਾ'' ਕਰਨ ਦੀ ਗੱਲ ਵੀ ਕੀਤੀ ਸੀ (ਗਲਾਤੀਆਂ 6:2)। ਯਾਕੂਬ ਨੇ ''ਅਜ਼ਾਦੀ ਦੀ ਸ਼ਰ੍ਹਾ'' ਅਤੇ ''ਸ਼ਾਹੀ ਹੁਕਮ'' (ਯਾਕੂਬ 1:25; 2:8) ਬਾਰੇ ਲਿਖਿਆ। ਹੁਣ ਭਾਵੇਂ ਕੋਈ ਕਿਸੇ ਵੀ ਕੌਮ ਜਾਂ ਦੇਸ਼ ਦਾ ਹੋਵੇ, ਸਭ ਇਸ ਨਵੀਂ ਸ਼ਰ੍ਹਾ ਦੇ ਅਧੀਨ ਹੀ ਹਨ। ਇਸ ਨਵੇਂ ਪ੍ਰਬੰਧ ਵਿਚ ਪਹਿਲੇ ਦੇ ਪ੍ਰਬੰਧਾਂ ਵਾਂਗ ਖ਼ੁਦਾ ਪਰਿਵਾਰਾਂ ਜਾਂ ਕੌਮ ਨਾਲ ਨਹੀਂ ਸਗੋਂ *ਨਿੱਜੀ* ਤੌਰ 'ਤੇ ਵਿਹਾਰ ਕਰਦਾ ਹੈ।

ਰਸੂਲਾਂ ਦੇ ਕੰਮ ਕਿਤਾਬ ਮਸੀਹ ਦੇ ਰਾਜ ਵਿਚ ਨਵਾਂ ਜਨਮ ਲੈ ਕੇ ਉਹਦੀ ਸ਼ਰ੍ਹਾ ਦੇ ਅਧੀਨ ਹੋਣ ਵਾਲੇ ਸ਼ੁਰੂਆਤੀ ਲੋਕਾਂ ਵਿਚ ਹੈਰਾਨ ਕਰਨ ਵਾਲੇ ਫ਼ੌਰਨ ਬਦਲਾਵਾਂ ਨਾਲ ਸ਼ੁਰੂ ਹੁੰਦੀ ਹੈ। ਪਹਿਲਾਂ ਰਸੂਲਾਂ ਨੇ ਯਹੂਦੀਆਂ ਵਿਚ ਉਨ੍ਹਾਂ ਲੋਕਾਂ ਨੂੰ ਸਿਖਾਇਆ, ਜੋ ਮੂਸਾ ਦੀ ਸ਼ਰ੍ਹਾ ਤੋਂ ਵਾਕਫ਼ ਸਨ। ਬਾਅਦ ਵਿਚ ਉਨ੍ਹਾਂ ਨੇ ਗ਼ੈਰ ਕੌਮਾਂ ਵਿਚ ਪ੍ਰਚਾਰ ਕੀਤਾ, ਜਿਨ੍ਹਾਂ 'ਚੋਂ ਕੁਰਨੇਲੀਉਸ ਸਭ ਤੋਂ ਪਹਿਲਾ ਸੀ (ਰਸੂਲਾਂ ਦੇ ਕੰਮ 10)।

ਇਕ-ਇਕ ਜਣੇ ਵੱਲੋਂ ਯਿਸੂ ਨੂੰ ਕਬੂਲ ਕਰਨ ਨਾਲ ਉਨ੍ਹਾਂ ਦਾ ਸਬੰਧ ਖ਼ੁਦਾ ਨਾਲ ਉਸ ਕਲੀਸੀਆ ਵਿਚ ਹੋ ਗਿਆ ਜਿਸ ਨੂੰ ਯਿਸੂ ਨੇ ਬਣਾਇਆ ਸੀ (ਮੱਤੀ 16:18)। ਛੇਤੀ ਹੀ ਮੰਡਲੀਆਂ ਪੂਰੀ ਦੁਨੀਆਂ ਵਿਚ ਫੈਲ ਗਈਆਂ।[2] ਰਸੂਲਾਂ ਦੇ ਕੰਮ ਕਿਤਾਬ ਵਿਚ ਇਹ ਸਮਝ ਮਿਲਦੀ ਹੈ ਕਿ ਖ਼ੁਦਾ ਪ੍ਰਭੂ ਦੀ ਕਲੀਸੀਆ ਦੇ ਲੋਕਾਂ ਨਾਲ ਨਿੱਜੀ ਤੌਰ 'ਤੇ ਅਤੇ ਮੰਡਲੀਆਂ ਦੇ ਤੌਰ 'ਤੇ, ਆਪਣੇ ਬੱਚਿਆਂ ਨਾਲ ਹੁਣ ਕਿਵੇਂ ਵਿਹਾਰ ਕਰਦਾ ਹੈ।

## ਮੰਡਲੀਆਂ ਨੇ ਦੂਜੀਆਂ ਮੰਡਲੀਆਂ ਨਾਲ ਸਾਂਝ ਕੀਤੀ

ਯਰੂਸ਼ਲਮ ਦੀ ਪਹਿਲੀ ਮੰਡਲੀ ਨੇ (ਰਸੂਲਾਂ ਦੇ ਕੰਮ 2:41-47) ਹੋਰ ਸ਼ਹਿਰਾਂ ਵਿਚ ਖ਼ੁਦਾ ਦੀ ਬੰਦਗੀ ਕਰਨ ਵਾਲੇ ਸਾਥੀਆਂ ਦੀ ਪਛਾਣ ਕੀਤੀ। ਉਨ੍ਹਾਂ ਨੇ ਪਤਰਸ ਅਤੇ ਯੂਹੰਨਾ ਦੇ ਹੱਥ ਅੰਤਾਕੀਆ ਦੇ ਮਸੀਹੀ ਲੋਕਾਂ ਲਈ ਮਦਦ ਭੇਜੀ (ਰਸੂਲਾਂ ਦੇ ਕੰਮ 8:14)। ਬਾਅਦ 'ਚ ਇਸ ਮੰਡਲੀ ਨੇ ਤਰਸੁਸ ਦੇ ਰਹਿਣ ਵਾਲੇ ਸੌਲੁਸ ਨਾਂ ਦੇ ਆਦਮੀ ਨੂੰ ਕਬੂਲ ਕੀਤਾ ਜਿਹਨੇ ਦਮਿਸ਼ਕ ਵਿਚ ਮਸੀਹ ਨੂੰ ਕਬੂਲ ਕੀਤਾ ਸੀ (ਰਸੂਲਾਂ ਦੇ ਕੰਮ 9:26-28)। ਯਰੂਸ਼ਲਮ ਦੀ ਕਲੀਸੀਆ ਨੇ ਕੈਸਰ ਵਿਚ ਗ਼ੈਰ ਕੌਮਾਂ ਦੇ ਲੋਕਾਂ ਦਾ ਮਸੀਹੀ ਬਣਨਾ ਕਬੂਲ ਕਰ ਲਿਆ (ਰਸੂਲਾਂ ਦੇ ਕੰਮ 11:18), ਜੋ ਯਹੂਦੀਆਂ ਅਤੇ ਗ਼ੈਰ ਕੌਮਾਂ ਵਿਚਕਾਰ ਮੁਤੱਅਸਬ ਦੀ ਵੱਡੀ ਕੰਧ ਢਹਿਣ ਦਾ ਸਬੂਤ ਸੀ। ਇਸੇ ਕਲੀਸੀਆ ਨੇ ''ਖ਼ੁਦਾ ਦੀ ਪ੍ਰੇਰਣਾ ਨਾਲ ਲਿਖੇ ਨਵੇਂ ਨੇਮ ਦੀ ਪਹਿਲੀ ਪੱਤਰੀ'' ਭੇਜੀ ਜੋ ਗ਼ੈਰ ਕੌਮਾਂ ਦੀ ਸੁੰਨਤ ਬਾਰੇ ਪ੍ਰਭੂ ਦੇ ਫ਼ੈਸਲਿਆ ਦੀ ਵਿਆਖਿਆ ਕਰਨ ਲਈ ਇਕ ਚਿੱਠੀ ਦੇ ਰੂਪ ਵਿਚ ਤਿਆਰ ਕੀਤੀ ਗਈ ਸੀ (ਰਸੂਲਾਂ ਦੇ ਕੰਮ 15:22-31)। ਇਹ ਫ਼ੈਸਲਾ ਸਾਫ਼ ਤੌਰ 'ਤੇ ਖ਼ੁਦਾ ਦੀ ਪ੍ਰੇਰਣਾ ਤੋਂ ਸੀ ਜੋ ਪਵਿੱਤਰ ਆਤਮਾ ਦੀ ਅਗਵਾਈ ਵਿਚ ਲਿਖਿਆ ਗਿਆ ਸੀ, ਰਸੂਲਾਂ ਦੇ ਵੋਟ ਪਾਉਣ ਕਰਕੇ ਨਹੀਂ (ਰਸੂਲਾਂ ਦੇ ਕੰਮ 15:28)।

ਅੰਤਾਕੀਆ ਦੇ ਮਸੀਹੀ ਲੋਕਾਂ ਨੇ ਅਕਾਲ ਦੌਰਾਨ ਯਰੂਸ਼ਲਮ ਅਤੇ ਯਹੂਦੀਆ ਵਿਚ ਰਾਹਤ ਸਮੱਗਰੀ ਭੇਜੀ ਸੀ (ਰਸੂਲਾਂ ਦੇ ਕੰਮ 11:27-30)। ਅੰਤਾਕੀਆ ਦੀ ਕਲੀਸੀਆ ਨੇ ਵੀ ਇੰਜੀਲ ਦੇ ਪ੍ਰਚਾਰ ਲਈ ਭੂਮੱਧ ਸਾਗਰ ਦੇ ਪਾਰ ਮਿਸ਼ਨਰੀ ਭੇਜੇ ਸਨ (ਰਸੂਲਾਂ ਦੇ ਕੰਮ 13:1-3) ਅਤੇ ਤਿੰਨ ਸਾਲ ਤੋਂ ਵਧ ਸਮਾਂ ਬੀਤ ਜਾਣ ਤੋਂ ਬਾਅਦ ਵੀ ਉਨ੍ਹਾਂ ਨੂੰ ਇਨ੍ਹਾਂ ਲੋਕਾਂ

ਦੇ ਮੁੜਨ ਦੀ ਖ਼ਬਰ ਮਿਲੀ ਸੀ (ਰਸੂਲਾਂ ਦੇ ਕੰਮ 14:26, 27)।

ਬਾਅਦ 'ਚ ਪਰੋਪਕਾਰ ਤੇ ਕੰਮ ਦੀ ਲੋੜ ਨਾਲ ਮਿਲੇ ਸਹਿਯੋਗ ਅਤੇ ਸਾਂਝ ਦੀ ਇਕ ਹੋਰ ਉਦਾਹਰਣ ਮਿਲਦੀ ਹੈ। ਗਲਾਤੀਆ, ਮਕਦੂਨੀਆ ਅਤੇ ਅਖਾਇਆ ਦੀ ਕਲੀਸੀਆ ਨੇ ਯਹੂਦੀਆ ਵਿਚ ਪਏ ਅਕਾਲ ਲਈ ਰਾਹਤ ਭੇਜੀ। ਪੌਲੁਸ ਨੂੰ ਇਸ ਦਾਨ ਨੇ ਅੱਗੇ ਦੇਣ ਵਿਚ ਮਦਦ ਕੀਤੀ ਸੀ (ਰਸੂਲਾਂ ਦੇ ਕੰਮ 24:17; 1 ਕੁਰਿੰਥੀਆਂ 16:1, 2; 2 ਕੁਰਿੰਥੀਆਂ 8:1; 9:1, 2)।

ਪੂਰੇ ਗਿਆਤ ਸੰਸਾਰ ਦੀਆਂ ਵੱਖੋ-ਵੱਖ ਮੰਡਲੀਆਂ ਆਪਣੇ ਸਾਥੀ ਮਸੀਹੀਆਂ ਨਾਲ ਸੰਗਤੀ ਕਰਕੇ ਇਕ ਦੂਜੇ ਨੂੰ ਸ਼ਕਤੀ ਅਤੇ ਮਦਦ ਦੇ ਕੇ ਉਨ੍ਹਾਂ ਨੂੰ ਮਾਨਤਾ ਦਿੰਦੀਆਂ ਸਨ ਅਤੇ ਆਪਣੇ ਆਪ ਨੂੰ ਪ੍ਰਭੂ ਦੀ ਓਸੇ ਕਲੀਸੀਆ ਦੀਆਂ ਸਥਾਨਕ ਮੰਡਲੀਆਂ ਵਿਚ ਮੰਨਦੀਆਂ ਸਨ। ਹਰ ਸਥਾਨਕ ਕਲੀਸੀਆ ਵਿਸ਼ਵਵਿਆਪੀ ਕਲੀਸੀਆ ਦਾ ਛੋਟਾ ਰੂਪ ਸੀ।

## ਖਾਸ ਲੋਕਾਂ ਨੇ ਮੰਡਲੀਆਂ ਦੀ ਰਹਿਨੁਮਾਈ ਕੀਤੀ

ਸ਼ੁਰੂ 'ਚ ਯਰੂਸ਼ਲਮ ਦੀ ਸਭ ਤੋਂ ਪਹਿਲੀ ਮੰਡਲੀ ਦੇ ਆਗੂ ਰਸੂਲ ਹੀ ਸਨ। ਉਹ ਨਾ ਸਿਰਫ਼ ਸਿੱਖਿਆ ਦੇਣ ਵਿਚ ਸਗੋਂ ਪਰੋਪਕਾਰ ਲਈ ਮਿਲੇ ਚੰਦੇ ਨੂੰ ਵੰਡਣ ਵਿਚ ਵੀ ਅਗਵਾਈ ਕਰਦੇ ਸਨ। ਪਰੋਪਕਾਰੀ ਕੰਮ ਕਰਨ ਦੀ ਲੋੜ ਪੈਣ 'ਤੇ ਮਸੀਹੀ ਲੋਕਾਂ ਨੇ ਆਪਣੇ ਦਾਨ ''ਰਸੂਲਾਂ ਦੇ ਕਦਮਾਂ 'ਚ'' (ਰਸੂਲਾਂ ਦੇ ਕੰਮ 4:37) ਰੱਖ ਦਿੱਤੇ। ਅੱਜ ਅਜਿਹੇ ਇੰਤਜ਼ਾਮ ਨੂੰ ਕਲੀਸੀਆ ਦਾ ਭੰਡਾਰ ਜਾਂ ਬੈਂਕ ਖਾਤਾ ਕਿਹਾ ਜਾ ਸਕਦਾ ਹੈ। ਧਨ ਇਕ ਥਾਂ ਇਕੱਠਾ ਕੀਤਾ ਜਾਂਦਾ ਸੀ ਅਤੇ ਓਸ ਮੰਡਲੀ ਦੇ ਆਗੂਆਂ ਭਾਵ ਰਸੂਲਾਂ ਦੇ ਫ਼ੈਸਲੇ ਨਾਲ ਲੋੜਵੰਦਾਂ ਵਿਚ ਵੰਡਿਆ ਜਾਂਦਾ ਸੀ। ਵੰਡਣ ਦੇ ਅਸਲੀ ਕੰਮ ਨੂੰ ਕਰਨ ਲਈ ਰਸੂਲਾਂ ਦੀ ਮਦਦ ਲਈ ਕਲੀਸੀਆ ਦੇ ਖ਼ਾਸ ਸੇਵਕਾਂ ਨੂੰ ਚੁਣਿਆ ਗਿਆ, ਜਿਨ੍ਹਾਂ ਨੂੰ ਬਾਅਦ ਵਿਚ ਡੀਕਨ ਕਰਕੇ ਜਾਣਿਆ ਜਾਣ ਲੱਗਾ ਸੀ (ਰਸੂਲਾ ਦੇ ਕੰਮ 6:1-6)। ਰਸੂਲਾਂ ਦੀ ਨਿੱਜੀ ਰਹਿਨੁਮਾਈ ਆਰਜ਼ੀ ਸੀ, ਕਿਉਂਕਿ ਖ਼ੁਦਾ ਨੇ ਕਲੀਸੀਆਵਾਂ ਦੀ ਯੋਜਨਾ ਸਥਾਈ ਲੀਡਰਸ਼ਿਪ ਦੇਣ ਲਈ ਬਣਾਈ ਸੀ ਜਿਸ ਵਿਚ ਰਸੂਲਾਂ ਦੇ ਸਦਾ ਰਹਿਣ ਦੀ ਲੋੜ ਨਹੀਂ ਸੀ।

ਕੁਝ ਹੀ ਸਾਲਾਂ 'ਚ ਯਹੂਦੀਆ ਵਿਚ ਅਕਾਲ ਪੈਣ 'ਤੇ ਅੰਤਾਕੀਆ ਦੇ ਭਾਈਆਂ ਨੇ ਯਰੂਸ਼ਲਮ ਵਿਚ ਕੁਝ ਦਾਨ ਭੇਜਿਆ ਸੀ। ਇਹ ਰਾਹਤ ''ਐਲਡਰਾਂ ਕੋਲ'' (ਰਸੂਲਾਂ ਦੇ ਕੰਮ 11:30) ਭੇਜੀ ਗਈ ਸੀ। ਪੌਲੁਸ ਦੀਆਂ ਮੁਢਲੀਆਂ ਮਿਸ਼ਨਰੀ ਕੋਸ਼ਿਸ਼ਾਂ ਵਿਚ ਆਦਮੀਆਂ ਨੂੰ ਐਲਡਰ ਨਿਯੁਕਤ ਕਰਨਾ ਵੀ ਸ਼ਾਮਿਲ ਸੀ। ਜਦ ਉਹਨੇ ਅਤੇ ਬਰਨਾਬਾਸ ਨੇ ਉਨ੍ਹਾਂ ਨਵੀਆਂ ਮੰਡਲੀਆਂ ਵਿਚ ਜਿਨ੍ਹਾਂ ਵਿਚ ਉਹ ਕੰਮ ਕਰ ਰਹੇ ਸਨ, ਆਗੂਆਂ ਦੀ ਨਿਯੁਕਤੀ ਕੀਤੀ ਤਾਂ ਇਨ੍ਹਾਂ ਆਗੂਆਂ ਨੂੰ ''ਐਲਡਰ'' ਆਖਿਆ ਗਿਆ ਸੀ (ਰਸੂਲਾਂ ਦੇ ਕੰਮ 14:23)।

ਪਹਿਲੀ ਮਿਸ਼ਨਰੀ ਯਾਤਰਾ ਦੇ ਅਖ਼ੀਰ 'ਚ ਸੁੰਨਤ ਦੀ ਅੜਚਨ ਦੀ ਚਰਚਾ ਲਈ ਖ਼ਾਸ ਸਭਾ ਵੇਲੇ ਯਰੂਸ਼ਲਮ ਵਿਚ ਰਸੂਲਾਂ ਦੇ ਇਲਾਵਾ ਕੁਝ ਹੋਰ ਲੋਕ ਵੀ ਆਗੂ ਸਨ ਅਤੇ ਉਨ੍ਹਾਂ ਨੂੰ ''ਐਲਡਰ'' ਜਾਂ ਬਜ਼ੁਰਗ ਕਿਹਾ ਜਾਂਦਾ ਸੀ (ਰਸੂਲਾਂ ਦੇ ਕੰਮ 15:2, 4, 6, 22)। ਮਾਲਟਾ ਵਿਚ ਪੌਲੁਸ ਨੇ ਅਫ਼ਸੁਸ ਤੋਂ ਆਏ ਭਾਈਆਂ ਨਾਲ ਪਿਆਰ ਭਰੀ ਅਤੇ ਹੰਝੂ ਭਰੀ ਵਿਦਾਈ ਸਭਾ ਕੀਤੀ। ਲੂਕਾ ਨੇ ਲਿਖਿਆ ਹੈ ਕਿ ਇਹ ਲੋਕ ''ਬਜ਼ੁਰਗ'' ਸਨ (ਰਸੂਲਾਂ ਦੇ ਕੰਮ 20:17; 20:28 ਵੀ ਵੇਖੋ)। ਤੀਜੀ ਮਿਸ਼ਨਰੀ ਯਾਤਰਾ ਦੇ ਅਖ਼ੀਰ 'ਚ, ਯਰੂਸ਼ਲਮ ਦੀ

ਕਲੀਸੀਆ ਨੇ ਐਲਡਰਾਂ ਵੱਲੋਂ ਪੌਲੁਸ ਨੂੰ ਇਕ ਬੇਨਤੀ ਕੀਤੀ ਗਈ ਕਿ ਉਹ ਇਕ ਮੰਨਤ ਨੂੰ ਪੂਰਾ ਕਰਨ ਲਈ ਚਾਰ ਜਵਾਨਾਂ ਦੀ ਮਦਦ ਕਰੇ (ਰਸੂਲਾਂ ਦੇ ਕੰਮ 21:18-25)।

ਇਨ੍ਹਾਂ ਸਭ ਘਟਨਾਵਾਂ ਵਿਚ ਐਲਡਰਾਂ ਦਾ ਜ਼ਿਕਰ ਹੋਣ 'ਤੇ ਸੰਦਰਭਾਂ ਤੋਂ ਪਤਾ ਲਗਦਾ ਹੈ ਕਿ ਲੂਕਾ ਪ੍ਰਭੂ ਦੀ ਕਲੀਸੀਆ ਦੀਆਂ ਸਥਾਨਕ ਮੰਡਲੀਆਂ ਦੇ ਆਗੂਆਂ ਬਾਰੇ ਲਿਖ ਰਿਹਾ ਸੀ। ਇਨ੍ਹਾਂ ਪੁਰਖਾਂ ਨੂੰ ''ਐਲਡਰ'' ਕਿਹਾ ਗਿਆ ਅਤੇ ਉਹ ਪ੍ਰਭੂ ਵੱਲੋਂ ਆਪਣੀ ਕਲੀਸੀਆ ਦੇ ਪੱਕੇ ਪ੍ਰਬੰਧ ਦਾ ਹਿੱਸਾ ਸਨ।

## ਉਨ੍ਹਾਂ ਦੇ ਅਹੁਦੇ

ਨਵੇਂ ਨੇਮ ਵਿਚ ਇਨ੍ਹਾਂ ਆਗੂਆਂ ਨੂੰ ਤਿੰਨ ਨਾਵਾਂ ਭਾਵ: ''ਬਜ਼ੁਰਗ/ਐਲਡਰ,'' ''ਨਿਗਾਹਬਾਨ/ਬਿਸ਼ਪ,'' ਅਤੇ ''ਪਾਸਬਾਨ/ਪਾਸਟਰ।'' ਮਾਲਟਾ ਵਿਚ ਆਪਣੇ ਉਪਦੇਸ਼ ਵਿਚ ਪੌਲੁਸ ਨੇ ਇਨ੍ਹਾਂ ਨੂੰ ''ਬਜ਼ੁਰਗਾਂ'' (overseers) (''bishops''; KJV) ਕਿਹਾ ਜਦ ਕਿ ਲੂਕਾ ਨੇ ਲਿਖਿਆ ਹੈ ਕਿ ਪੌਲੁਸ ਨੇ ''ਬਜ਼ੁਰਗਾਂ'' ਨੂੰ ਉਹਨੂੰ ਮਿਲਣ ਲਈ ਸੱਦਿਆ ਸੀ (ਰਸੂਲਾਂ ਦੇ ਕੰਮ 20:17, 28)। ਤੀਤੁਸ ਨੂੰ ਕਰੇਤ ਵਿਚ ਛੱਡਣ ਵੇਲੇ ਪੌਲੁਸ ਨੇ ਉਹਨੂੰ ਐਲਡਰਾਂ ਦੀ ਨਿਯੁਕਤੀ ਕਰਨ ਦਾ ਹੁਕਮ ਦਿੱਤਾ ਸੀ; ਪਰ ਇਨ੍ਹਾਂ ਆਗੂਆਂ ਦੀਆਂ ਰੂਹਾਨੀ ਖ਼ੂਬੀਆਂ ਦੱਸਦਿਆਂ ਉਹਨੇ ਵੀ ਉਨ੍ਹਾਂ ਨੂੰ ''bishops'' ਕਿਹਾ ਸੀ (ਤੀਤੁਸ 1:5, 7)।[3] ਪਤਰਸ ਨੇ ਨਾਲ ਦੇ ਬਜ਼ੁਰਗਾਂ ਨੂੰ ਉਨ੍ਹਾਂ ਦੇ ਕੰਮ ਵਿਚ ਤਾੜਨਾ ਦਿੰਦਿਆਂ ਆਪਣੇ ਆਪ ਨੂੰ ''ਬਜ਼ੁਰਗ'' ਆਖਿਆ ਸੀ ''ਤਾਂ ਵੀ ਉਸ ਨੇ ਉਨ੍ਹਾਂ ਨੂੰ ਉਸ ਝੁੰਡ ਦੀ ਰਖਵਾਲੀ ਕਰਨ ਜਾਂ ਉਨ੍ਹਾਂ ਦਾ ''ਪਾਸਬਾਨ (ਪਾਸਟਰ)'' ਬਣਨ ਲਈ ਆਖਿਆ ਸੀ (1 ਪਤਰਸ 5:1, 2)। ਜ਼ਾਹਿਰ ਹੈ ਕਿ ਇਨ੍ਹਾਂ ਸਭ ਸ਼ਬਦਾਂ ਦੀ ਵਰਤੋਂ ਇੱਕੋ ਹੀ ਕੰਮ ਲਈ, ਇੱਕੋ ਹੀ ਅਹੁਦੇ ਲਈ ਅਤੇ ਇੱਕੋ ਹੀ ਤਰ੍ਹਾਂ ਦੇ ਲੋਕਾਂ ਲਈ ਕੀਤੀ ਗਈ ਸੀ ਜੋ ਇਸ ਅਹੁਦੇ 'ਤੇ ਸਨ। ਉਨ੍ਹਾਂ ਨੂੰ ਤਿੰਨ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ।

*ਪ੍ਰੈੱਸਬਿਉਟਰੋਸ* ਉਹ ਯੂਨਾਨੀ ਸ਼ਬਦ ਹੈ ਜਿਹਦਾ ਨਵੇਂ ਨੇਮ ਵਿਚ ਚੁਹੱਤਰ ਵੱਖੋ-ਵੱਖ ਰੂਪਾਂ ਵਿਚ ਬਹੁਤਾ ਕਰਕੇ ਅਨੁਵਾਦ ''ਬਜ਼ੁਰਗ'' ਹੋਇਆ ਹੈ। ਰਸੂਲਾਂ ਦੇ ਕੰਮ ਕਿਤਾਬ ਵਿਚ ਉਨੀ ਵਾਰ ਇਹਦੀ ਵਰਤੋਂ ਹੋਈ ਹੈ। ਰਸੂਲਾਂ ਦੇ ਕੰਮ ਕਿਤਾਬ ਵਿਚ ਦੋ ਸੰਦਰਭਾਂ ਵਿਚ ਇਹ ਬੁੱਢੇ ਜਾਂ ਬਜ਼ੁਰਗ ਆਦਮੀ ਲਈ ਵੀ ਵਰਤਿਆ ਗਿਆ ਹੈ, ਜਦਕਿ ਸੱਤ ਵਾਰ ਯਹੂਦੀ ਸਮਾਜ ਦੇ ਆਗੂਆਂ ਲਈ ਵਰਤੋਂ ਵਿਚ ਆਇਆ ਹੈ। ਪਰ ਰਸੂਲਾਂ ਦੇ ਕੰਮ ਕਿਤਾਬ ਵਿਚ ਇਸ ਸ਼ਬਦ ਦੀ ਜ਼ਿਆਦਾਤਰ ਵਰਤੋਂ ਪ੍ਰਭੂ ਦੀ ਕਲੀਸੀਆ ਦੇ ਆਗੂਆਂ ਲਈ ਹੀ ਹੋਈ ਹੈ। ਇਸ ਤਰ੍ਹਾਂ ਇਸ ਸ਼ਬਦ ਦੀ ਵਰਤੋਂ ਦਸ ਵਾਰ ਹੋਈ ਹੈ। ''ਬਜ਼ੁਰਗ'' ਇਕ ਅਜਿਹਾ ਸ਼ਬਦ ਹੈ ਜਿਸ ਤੋਂ ਕਿਸੇ ਦੀ ਉਮਰ ਅਤੇ ਤਜ਼ਰਬੇ ਦਾ ਪਤਾ ਲਗਦਾ ਹੈ, ਪਰ ਕੁਝ ਸੰਦਰਭਾਂ ਵਿਚ ਇਹਦਾ ਮਤਲਬ ਪ੍ਰਭੂ ਦੀ ਕਲੀਸੀਆ ਦੀ ਮੰਡਲੀ ਦੀ ਅਗਵਾਈ ਲਈ ਠਹਿਰਾਏ ਗਏ ਲੋਕਾਂ ਦੇ ਖ਼ਾਸ ਸਮੂਹ ਨਾਲ ਜੁੜਿਆ ਹੈ। ਉਮਰ, ਤਜ਼ਰਬੇ ਅਤੇ ਰੂਹਾਨੀ ਪਰਿਪੱਕਤਾ ਕਰਕੇ ਉਨ੍ਹਾਂ ਨੂੰ ਕਲੀਸੀਆਵਾਂ ਦੇ ਆਗੂ ਬਣਾਇਆ ਜਾਣਾ ਸੀ।

''ਬਿਸ਼ਪ'' ਜਾਂ ''ਨਿਗਾਹਬਾਨ'' ਅਨੁਵਾਦ ਹੋਇਆ ਸ਼ਬਦ (*ਐਪੀਸਕੋਪੋਸ*) ਦੋ ਯੂਨਾਨੀ ਸ਼ਬਦਾਂ ਨੂੰ ਮਿਲਾਉਂਦਾ ਹੈ ਜਿਨ੍ਹਾਂ ਦਾ ਅਰਥ ''to scope over'' ਜਾਂ ''to see over'' ਬਣਦਾ ਹੈ। ਅਗਵਾਈ ਦੇ ਮਾਮਲਿਆਂ ਵਿਚ ਇਹ ਉਨ੍ਹਾਂ ਲੋਕਾਂ ਲਈ ਵਰਤਿਆ ਜਾਂਦਾ ਹੈ ਜੋ

ਕੰਮ ਅਤੇ ਕਰਮਚਾਰੀਆਂ 'ਤੇ ਨਜ਼ਰ ਰਖਦੇ ਹਨ। ਨਵੇਂ ਨੇਮ ਵਿਚ ਇਹਦੀ ਵਰਤੋਂ ਗਿਆਰਾਂ ਵਾਰ ਹੋਈ ਹੈ; ਸੱਤ ਵਾਰ ਇਹ ਸ਼ਬਦ ਸਥਾਨਕ ਕਲੀਸੀਆਵਾਂ ਦੇ ਰੂਹਾਨੀ ਆਗੂਆਂ ਲਈ ਵਰਤਿਆ ਗਿਆ ਹੈ। ਇਕ ਵਾਰ ਰਸੂਲ ਦੇ ਕੰਮ ਲਈ ਇਹਦੀ ਵਰਤੋਂ ਹੋਈ ਹੈ (ਰਸੂਲਾਂ ਦੇ ਕੰਮ 1:20)। ਦੋ ਵਾਰ ਇਹਦਾ ਅਨੁਵਾਦ ''ਦ੍ਰਿਸ਼ਟੀ'' (ਲੂਕਾ 19:44; 1 ਪਤਰਸ 2:12) ਅਤੇ ਇਕ ਵਾਰ ਧਿਆਨ ਨਾਲ ''ਵੇਖਦੇ'' ਰਹਿਣ ਲਈ ਹੋਈ ਹੈ (ਇਬਰਾਨੀਆ 12:15)। ਸਥਾਨਕ ਕਲੀਸੀਆ ਦੀ ਰਹਿਨੁਮਾਈ ਕਰਨ ਵਾਲੇ ਲੋਕਾਂ ਲਈ ਵਰਤੇ ਜਾਣ 'ਤੇ ਇਹਦਾ ਮਤਲਬ ਉਸ ਜਮਾਤ ਦੇ ਲੋਕਾਂ ਦੇ ਕੰਮਾਂ ਦੀ ਨਿਗਰਾਨੀ ਰੱਖਣਾ ਹੈ।

''ਪਾਸਬਾਨ'' ਜਾਂ ''ਚਰਵਾਹਾ'' (*poimen*) ਸ਼ਬਦ ਦੀ ਵਰਤੋਂ ਮੂਲ ਅਤੇ ਸੰਕੇਤਿਕ ਹਵਾਲਿਆਂ ਵਿਚ ਉਨ੍ਹਾਂ ਲਈ ਹੁੰਦੀ ਹੈ ਜੋ ਭੇਡਾਂ ਦੀ ਰਖਵਾਲੀ ਕਰਦੇ ਹਨ। ਨਵੇਂ ਨੇਮ ਵਿਚ ਇਹਦੀ ਵਰਤੋਂ ਉਣਤਾਲੀ ਵਾਰ ਹੋਈ ਹੈ ਜਿਸ ਵਿਚ ਘੱਟੋ-ਘੱਟ ਤੇਰਾਂ ਵਾਰ ਉਨ੍ਹਾਂ ਲੋਕਾਂ ਦੀ ਵਿਆਖਿਆ ਲਈ ਹੈ ਜੋ ਸਚਮੁਚ ਭੇਡਾਂ ਦੇ ਇੱਜੜ ਚਰਾਉਂਦੇ ਹਨ। ਇਹ ਸ਼ਬਦ ਰੂਹਾਂ ਦੇ ਖ਼ਾਸ ਚਰਵਾਹੇ ਦੇ ਤੌਰ 'ਤੇ ਯਿਸੂ ਲਈ ਪੰਜ ਵਾਰ ਵਰਤਿਆ ਗਿਆ ਹੈ, ਪਰ ਘੱਟੋ-ਘੱਟ ਸੱਤ ਵਾਰ ਇਸ ਤੋਂ ਭਾਵ ਸਥਾਨਕ ਕਲੀਸੀਆਵਾਂ ਦੇ ਆਗੂਆਂ ਤੋਂ ਹੀ ਹੈ। ਇਕ ਵਾਰ ਐਲਡਰਾਂ ਦੇ ਕੰਮ ਦੀ ਵਿਆਖਿਆ ਲਈ ਇਸ ਸ਼ਬਦ ਦੀ ਵਰਤੋਂ ਕਿਰਿਆ ਰੂਪ ਵਿਚ ਹੋਈ ਹੈ ਜਿਸ ਤੋਂ ਇਹ ਪਤਾ ਲਗਦਾ ਹੈ ਕਿ ਮੰਡਲੀ ਦੇ ਆਗੂਆਂ ਲਈ ਇਨ੍ਹਾਂ ਸ਼ਬਦਾਂ ਨੂੰ ਇਕ ਦੂਜੇ ਦੀ ਥਾਂ 'ਤੇ ਅਦਲ-ਬਦਲ ਦੇ ਵਰਤਿਆ ਗਿਆ ਹੈ (ਰਸੂਲਾਂ ਦੇ ਕੰਮ 20:28)। ਉਮਰ, ਤਜ਼ਰਬਾ ਅਤੇ ਰੂਹਾਨੀ ਪਰਿਪੱਕਤਾ ਕਰਕੇ ਮੰਡਲੀਆਂ ਦੇ ਆਗੂਆਂ ਨੂੰ ''ਐਲਡਰ'' ਜਾਂ ਬਜ਼ੁਰਗ ਕਿਹਾ ਜਾ ਸਕਦਾ ਹੈ ਅਤੇ ਭੇਡਾਂ ਦੇ ਇੱਜੜ (ਅਫ਼ਸੁਸ ਦੇ ਮਸੀਹੀ ਲੋਕਾਂ) ਦੀ ਰਖਵਾਲੀ ਕਰਨ ਕਰਕੇ ਉਨ੍ਹਾਂ ਨੂੰ ''ਪਾਸਟਰ/ਪਾਸਬਾਨ'' ਜਾਂ ''ਚਰਵਾਹੇ'' ਕਿਹਾ ਜਾ ਸਕਦਾ ਸੀ। ਇਹਦੇ ਇਲਾਵਾ ਉਨ੍ਹਾਂ ਨੂੰ ਸਮੂਹ ਦੇ ਮਾਮਲਿਆਂ ਦੀ ਨਿਗਰਾਨੀ ਲਈ ''bishops'' ਜਾਂ ''ਨਿਗਾਹਬਾਨ'' ਕਿਹਾ ਜਾ ਸਕਦਾ ਸੀ।

ਮੁੱਢਲੀਆਂ ਕਲੀਸੀਆਵਾਂ ਵਿਚ ਇਸ ਤਰ੍ਹਾਂ ਦੇ ਸਪੱਸ਼ਟ ਕੰਮ ਜਾਂ ਅਹੁਦੇ ਪੌਲੁਸ ਦੀਆਂ ਪੱਤਰੀਆਂ ਵਿਚ ਮਿਲਦੇ ਹਨ ਜੋ ਉਹਨੇ ਫ਼ਿਲਿੱਪੈ ਦੀ ਮੰਡਲੀ ਦੇ ਨਾਂਅ ਲਿਖੀ ਸੀ (ਫ਼ਿਲਿੱਪੀਆਂ 1:1), ਜਿਸ ਵਿਚ ਉਹਨੇ ਲਿਖਿਆ, ''ਨਿਗਾਹਬਾਨਾਂ (ਬਿਸ਼ਪਾਂ) ਅਤੇ ਸੇਵਕਾਂ (ਡੀਕਨਾਂ) ਸਣੇ।'' ਖ਼ੁਦਾ ਨੇ ਕਲੀਸੀਆ ਨੂੰ ਚਲਾਉਣ ਲਈ ਲੀਡਰਸ਼ਿਪ ਦਿੱਤੀ, ਅਤੇ ਉਨ੍ਹਾਂ ਦੀ ਵਿਆਖਿਆ ਲਈ ''ਬਜ਼ੁਰਗ,'' ''ਨਿਗਾਹਬਾਨ,'' ਅਤੇ ''ਪਾਸਬਾਨ'' ਸ਼ਬਦਾਂ ਦੀ ਵਰਤੋਂ ਇਕ ਦੂਜੇ ਦੇ ਸਮਾਨ ਅਰਥੀ ਦੇ ਤੌਰ 'ਤੇ ਹੁੰਦੀ ਸੀ। ਇਸ ਆਇਤ ਵਿਚ ਡੀਕਨਾਂ ਦੇ ਜ਼ਿਕਰ ਤੋਂ ਸੰਕੇਤ ਮਿਲਦਾ ਹੈ ਕਿ ਫ਼ਿਲਿੱਪੈ ਦੀ ਕਲੀਸੀਆ ਦੇ ਆਗੂਆਂ ਦੇ ਨਾਲ-ਨਾਲ ਸੇਵਾ ਲਈ ਦਾਸ ਸੇਵਕਾਂ ਨੂੰ ਬਹੁਤੀ ਪਛਾਣ ਮਿਲੀ ਸੀ।

## ਉਨ੍ਹਾਂ ਦੀਆਂ ਭੂਮਿਕਾਵਾਂ

ਬਜ਼ੁਰਗਾਂ/ਨਿਗਾਹਬਾਨਾਂ/ਪਾਸਬਾਨਾਂ (ਜਾਂ ਐਲਡਰਾਂ/ਬਿਸ਼ਪਾਂ/ਪਾਸਟਰਾਂ) ਦਾ ਕੰਮ ਤਿੰਨ ਤਰ੍ਹਾਂ ਦਾ ਹੋਣਾ ਸੀ। ਪਹਿਲਾਂ ਤਾਂ ਬਜ਼ੁਰਗਾਂ ਨੇ *ਅਗਵਾਈ* ਕਰਨੀ ਸੀ। ਉਨ੍ਹਾਂ ਦੀਆਂ ਜ਼ਿਮੇਵਾਰੀਆਂ ਵਿਚ ਉਸ ਕਲੀਸੀਆ ਦਾ ਪ੍ਰਬੰਧ ਅਤੇ ਰਖਵਾਲੀ ਸ਼ਾਮਿਲ ਸੀ ਜਿੱਥੇ ਉਹ ਰਹਿੰਦੇ ਅਤੇ ਬੰਦਗੀ ਕਰਦੇ ਸਨ (1 ਤਿਮੋਥਿਉਸ 3:5; 5:17)। ਉਨ੍ਹਾਂ ਨੇ ਆਪਣਾ ਨਮੂਨਾ ਦੇ ਕੇ, ਸਿੱਖਿਆ ਦੇ ਕੇ

ਅਤੇ ਨਿਗਰਾਨੀ ਰੱਖ ਕੇ ਇੰਤਜ਼ਾਮ ਕਰਨਾ ਹੁੰਦਾ ਸੀ (ਇਬਰਾਨੀਆਂ 13:7, 17)।

ਦੂਜਾ, ਸਹੀ ਢੰਗ ਨਾਲ ਅਗਵਾਈ ਕਰਨ ਲਈ ਉਨ੍ਹਾਂ ਨੂੰ ਆਪਣੀਆਂ ਨਿੱਜੀ ਜ਼ਿੰਦਗੀਆਂ ਅਤੇ ਵਿਹਾਰਾਂ 'ਤੇ ਧਿਆਨ ਦੇਣ ਦੀ ਲੋੜ ਸੀ (ਰਸੂਲਾਂ ਦੇ ਕੰਮ 20:28)। ਇਨ੍ਹਾਂ ਲੋਕਾਂ ਨੇ ਆਪਣੇ ਅਧੀਨ ਆਤਮਾਵਾਂ ਦੀ ਤਰਫੋਂ ਵੀ ਨਿਗਰਾਨੀ ਕਰਨੀ ਸੀ (ਇਬਰਾਨੀਆਂ 13:17) ਅਤੇ ਸੱਚਾਈ ਦਾ ਵਿਰੋਧ ਕਰਨ ਵਾਲੇ ''ਝਗੜਾਲੂਆਂ'' ਨੂੰ ਤਾੜ ਕੇ ਅਤੇ ਸਮਝਾ ਕੇ ਖ਼ੁਦਾ ਦੇ ਵਚਨ ਦੇ ਵਫ਼ਾਦਾਰ ਵੀ ਰਹਿਣਾ ਸੀ (ਤੀਤੁਸ 1:9)।

ਤੀਜਾ, ਉਨ੍ਹਾਂ ਨੇ *ਭੋਜਨ ਖਵਾਉਣਾ ਸੀ।* ਪ੍ਰਭੂ ਨੇ ਕਲੀਸੀਆ ਦੀ ਰੂਪਰੇਖਾ ਬਣਾਈ ਤਾਂ ਜੋ ਕਾਬਲ ਲੋਕ ਆਪਣੇ ਅਧੀਨ ਆਤਮਾਵਾਂ ਨੂੰ ਹਦਾਇਤ ਕਰ ਸਕਣ (ਰਸੂਲਾਂ ਦੇ ਕੰਮ 20:28; 1 ਪਤਰਸ 5:2)। ਉਨ੍ਹਾਂ ਨੇ (1 ਤਿਮੋਥਿਉਸ 3:2) ਜੋ ਵਿਹਾਰਕ ਸਿੱਖਿਆ ਦੇਣ ਦਾ ਕੰਮ ਕਰਨਾ ਸੀ ਅਤੇ ਇਕ ਨਕਾਰਾਤਮਕ ਅਰਥ ਵਿਚ ਉਹ ਚੌਕੀਦਾਰ ਬਣਨਾ ਸੀ ਜਿਨ੍ਹਾਂ ਨੂੰ ਮਸੀਹ ਦੀਆਂ ਸਿੱਖਿਆਵਾਂ ਦਾ ਐਨਾ ਗਿਆਨ ਹੋਵੇ ਕਿ ਉਹ ਝੂਠੀਆਂ ਸਿੱਖਿਆਵਾਂ ਦਾ ਮੂੰਹ ਬੰਦ ਕਰ ਸਕਣ (ਤੀਤੁਸ 1:9)। ਉਨ੍ਹਾਂ ਵਿਚ ਐਨੀ ਹਿੰਮਤ ਹੋਣੀ ਜ਼ਰੂਰੀ ਸੀ ਜਿਸ ਨਾਲ ਉਹ ਆਪਣੇ ਅਧੀਨ ਕਲੀਸੀਆ ਵਿਚ ਝੂਠੀ ਸਿੱਖਿਆ ਦੇਣ ਵਾਲਿਆਂ ਨੂੰ ਆਉਣ ਤੋਂ ਰੋਕ ਸਕਣ (ਲੂਕਾ 1:10, 11)।

## ਸਾਰ

ਪਹਿਲੀ ਸਦੀ ਦੀਆਂ ਮੰਡਲੀਆਂ ਅਜ਼ਾਦ ਸਨ ਭਾਵ ਉਹ ਸਭ ਮਾਮਲਿਆਂ ਨੂੰ ਆਪੇ ਵੇਖਦੀਆਂ ਅਤੇ ਫ਼ੈਸਲੇ ਖ਼ੁਦ ਲੈਣ ਵਾਲੀਆਂ ਖ਼ੁਦਮੁਖ਼ਤਿਆਰ ਮੰਡਲੀਆਂ ਸਨ। ਕੋਈ ਵੀ ਮੰਡਲੀ ਦੂਜੀ ਮੰਡਲੀ 'ਤੇ ਕਿਸੇ ਤਰ੍ਹਾਂ ਦਾ ਕੰਟਰੋਲ ਨਹੀਂ ਰੱਖਦੀ ਸੀ। ਇਹ ਕਲੀਸੀਆਵਾਂ ਕਿਸੇ ਡਾਇਓਸਿਸ, ਪ੍ਰੈੱਸਬਿਟਰੀ, ਸੰਗਠਨ ਜਾਂ ਸਿਨਡ ਜਾਂ ਜ਼ਿਲ੍ਹੇ ਵਾਰ ਸੰਗਠਿਤ ਨਹੀਂ ਸਨ। ਉਨ੍ਹਾਂ ਦਾ ਕੋਈ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਹੈੱਡਕੁਆਟਰ ਨਹੀਂ ਸੀ। ਉਹ ਬਹੁਤ ਸਾਰੇ ਸਥਾਨਕ ਲੋਕਾਂ ਦੀਆਂ ਜਮਾਤਾਂ ਸਨ ਜੋ ਪ੍ਰਭੂ ਯਿਸੂ ਮਸੀਹ ਦੀ ਸੇਵਾ ਕਰਦੀਆਂ ਸਨ। ਉਨ੍ਹਾਂ ਸਭਨਾਂ ਨੇ ਖ਼ੁਸ਼ਖ਼ਬਰੀ ਨੂੰ ਮੰਨਿਆ ਸੀ, ਉਨ੍ਹਾ ਸਭਨਾਂ ਨੂੰ ਪ੍ਰਭੂ ਨੇ ਕਲੀਸੀਆ ਵਿਚ ਰਲਾਇਆ ਸੀ ਅਤੇ ਉਹ ਸਭ ਇੱਕੋ ਤਰ੍ਹਾ ਨਾਲ ਬੰਦਗੀ ਕਰਦੇ, ਇੱਕੋ ਸਿੱਖਿਆ ਦਿੰਦੇ ਅਤੇ ਕੰਮ ਕਰਦੇ ਸਨ। ਸਭ ਵਿਚ ਇਹ ਖ਼ੂਬੀਆਂ ਸਨ, ਕਿਉਂਕਿ ਉਹ ਇੱਕੋ ''ਸਿਰ'' ਭਾਵ ਯਿਸੂ ਮਸੀਹ ਨੂੰ ਪ੍ਰਭੂ ਮੰਨਦੇ ਸਨ (ਕੁਲੁੱਸੀਆਂ 1:18)। ਉਹਨੇ ਸਭ ਮੰਡਲੀਆਂ ਨੂੰ ਇੱਕੋ ਜਿਹੀਆਂ ਹਦਾਇਤਾਂ ਅਤੇ ਸਿੱਖਿਆਵਾਂ ਦਿੱਤੀਆਂ ਸਨ। ਸਥਾਨਕ ਕਲੀਸੀਆਵਾਂ ਵੱਖੋ-ਵੱਖ ਮੌਕਿਆਂ 'ਤੇ ਇਕ ਦੂਜੇ ਤੋਂ ਸਹਿਯੋਗ ਅਤੇ ਮਦਦ ਦਿੰਦੀਆਂ-ਲੈਂਦੀਆਂ ਸਨ, ਪਰ ਉਹ ਖ਼ੁਦਮੁਖ਼ਤਿਆਰ ਸਨ।

ਹਰ ਕਲੀਸੀਆ ਵਿਚ ਮੈਂਬਰਾਂ ਵੱਲੋਂ ਰੂਹਾਨੀ ਯੋਗਤਾ ਪੂਰੀ ਕਰਨ ਵਾਲੇ ਪੁਰਖਾਂ ਨੂੰ ਚੁਣੇ ਜਾਣ ਤੋਂ ਬਾਅਦ, ਰਹਿਨੁਮਾਈ ਕਰਨ ਵਾਲੇ ਆਦਮੀਆਂ ਦੀ ਗਿਣਤੀ ਬਹੁਵਚਨ ਵਿਚ ਸੀ। ਇਨ੍ਹਾਂ ਪੁਰਖਾਂ ਅਤੇ ਕਲੀਸੀਆਵਾਂ ਨਾਲ ਇਨ੍ਹਾਂ ਸਬੰਧਾਂ ਬਾਰੇ ਹਮੇਸ਼ਾ ਪੁਰਖਾਂ ਦੇ ਸਮੂਹ ਦਾ ਜ਼ਿਕਰ ਆਉਂਦਾ ਹੈ। ਕਿਸੇ ਮੰਡਲੀ ਤੇ ਇਕ ਐਲਡਰ ਜਾਂ ਕਿਸੇ ਖ਼ਾਸ ਮੁਖੀ ਜਾਂ ਪ੍ਰਧਾਨ ਬਿਸ਼ਪ ਦੀ ਧਾਰਣਾ ਨਵੇਂ ਨੇਮ ਵਿਚ ਨਹੀਂ ਮਿਲਦੀ।

ਐਲਡਰ ਉਨ੍ਹਾਂ ਕਲੀਸੀਆਵਾਂ ਵਿਚ ਸੇਵਾ ਕਰਦੇ ਸਨ, ਮਸੀਹੀ ਲੋਕਾਂ ਨੂੰ ਕੰਮ ਕਰਨ ਦੀਆਂ ਹਦਾਇਤਾਂ ਦਿੰਦੇ ਸਨ। ਉਨ੍ਹਾਂ ਦਾ ਹੋਰ ਮੰਡਲੀਆਂ ਦੇ ਬਜ਼ੁਰਗਾਂ 'ਤੇ ਕਿਸੇ ਤਰ੍ਹਾਂ ਦਾ ਕੋਈ

ਇਖ਼ਤਿਆਰ ਨਹੀਂ ਹੁੰਦਾ ਸੀ। ਕਿਸੇ ਐਲਡਰ ਦਾ ਸਤਿਕਾਰ ਕਰਦਿਆਂ ਕੋਈ ਮੰਡਲੀ ਸਲਾਹ ਲਈ ਉਹਨੂੰ ਰਹਿਨੁਮਾਈ ਦੇਣ ਵਾਸਤੇ ਆਖ ਸਕਦੀ ਸੀ। ਪਰ ਬਾਹਰ ਦੇ ਕਿਸੇ ਐਲਡਰ ਵੱਲੋਂ ਉਸ ਸਥਾਨਕ ਮੰਡਲੀ 'ਤੇ ਇਖ਼ਤਿਆਰ ਕਰਨ ਦੀ ਖ਼ੁਦਾ ਦੀ ਕੋਈ ਯੋਜਨਾ ਨਹੀਂ ਸੀ।

ਕਲੀਸੀਆ ਦੇ ਆਗੂਆਂ ਨੇ ਓਵੇਂ ਹੋਰ ਨਿਯਮ ਅਤੇ ਰਵਾਇਤਾਂ ਨਹੀਂ ਲਿਖੀਆ ਜਿਵੇਂ ਮੂਸਾ ਦੀ ਸ਼ਰ੍ਹਾ ਵਿਚ ਯਹੂਦੀਆ ਨੇ, ਖ਼ਾਸ ਕਰ ਪੁਰਾਣੇ ਅਤੇ ਨਵੇਂ ਨੇਮ ਦੇ ਅੰਤਰਾਲ ਵਿਚਕਾਰ ਲਿਖੀਆਂ ਸਨ। ਟਾਲਮੁਡ ਦੇ ਦੋ ਭਾਗ ਸਨ ਜਿਨ੍ਹਾਂ ਨੂੰ ''ਮਿਸ਼ਨਾਮ'' ਅਤੇ ''ਗਿਮਾਰਾ'' ਆਖਿਆ ਜਾਂਦਾ ਹੈ, ਜੋ ਇਸਰਾਏਲ ਨੂੰ ਦਿੱਤੀ ਖ਼ੁਦਾ ਦੀ ਸ਼ਰ੍ਹਾ ਵਿਚ ਜੋੜਨ ਵਾਲੇ ਪੁਰਾਣੇ ਯਹੂਦੀਆਂ ਦੀ ਕਾਢ ਸੀ। ਪਰ ਪ੍ਰਭੂ ਨੇ ਕਈ ਮੌਕਿਆਂ 'ਤੇ ਇਨ੍ਹਾ ਰਵਾਇਤਾਂ ਦੀ ਨਿਖੇਧੀ ਕੀਤੀ ਸੀ (ਮਰਕੁਸ 7:6-9)। ਕਲੀਸੀਆ ਦੇ ਆਗੂ ਕਿਸੇ ਤਰ੍ਹਾਂ ਦੀ ਕੋਈ ਨਵੀਂ ਸ਼ਰ੍ਹਾ ਜਾਂ ਸਿੱਖਿਆ ਨਹੀਂ ਲਿਆ ਸਕੇ ਅਤੇ ਉਨ੍ਹਾਂ ਨੂੰ ਬਦਲੇ ਹੋਏ ਸਮਾਜਕ ਹਾਲਾਤ ਮੁਤਾਬਕ ਨਿਯਮ ਬਣਾਉਣ ਦਾ ਇਖ਼ਤਿਆਰ ਵੀ ਨਹੀਂ ਸੀ। ਉਨ੍ਹਾਂ ਦੀ ਭਰਤੀ ਸਿਰਫ਼ ਖ਼ੁਦਾ ਦੇ ਵਚਨ ਨਾਲ ਹੀ ਸੀ। ਮਸੀਹੀ ਲੋਕਾਂ ਲਈ ਨਵੇਂ ਨੇਮ ਦੀਆਂ ਧਾਰਨਾਵਾਂ ਪ੍ਰਤੀ ਵਫ਼ਾਦਾਰ ਰਹਿਣ ਲਈ ਉਹੀ ਭਗਤੀ ਅੱਜ ਵੀ ਕਾਇਮ ਹੈ।

ਕਲੀਸੀਆ ਦੇ ਮੈਂਬਰਾਂ ਨੇ ਇਨ੍ਹਾਂ ਬਜ਼ੁਰਗਾਂ ਦੀ ਰਹਿਨੁਮਾਈ ਵਿਚ ਉਨ੍ਹਾਂ ਦਾ ਅਤੇ ਉਨ੍ਹਾਂ ਦੇ ਫ਼ੈਸਲਿਆਂ ਦਾ ਸਤਿਕਾਰ ਕਰਨਾ ਸੀ ਤਾਂ ਜੋ ਉਹ ਖ਼ੁਸ਼ੀ ਨਾਲ ਉਨ੍ਹਾਂ ਦੇ ਪਿੱਛੇ ਚੱਲ ਸਕਣ। ਇਨ੍ਹਾਂ ਲੋਕਾਂ ਦਾ ਸੁਭਾਅ ਐਨਾ ਭਗਤੀ ਭਰਿਆ ਅਤੇ ਨਮੂਨਾ ਪੇਸ਼ ਕਰਨ ਵਾਲਾ ਹੋਣਾ ਸੀ ਜਿਸ ਨਾਲ ਸਭ ਉਨ੍ਹਾਂ ਦਾ ਸਤਿਕਾਰ ਕਰਨ (1 ਪਤਰਸ 5:2, 3)। ਇਹਦੇ ਇਲਾਵਾ ਇਨ੍ਹਾਂ ਲੋਕਾਂ ਨੇ ਸਾਥੀ ਬਜ਼ੁਰਗਾਂ ਦੇ ਤੌਰ 'ਤੇ ਕਿਸੇ ਵੀ ਸਥਾਨਕ ਕਲੀਸੀਆ ਦੇ ਲੋਕਾਂ ਵਾਂਗ ਇਕ ਦੂਜੇ ਦੇ ਅਧੀਨ ਹੋਣਾ ਸੀ (ਅਫ਼ਸੀਆਂ 5:21)। ਜਦ ਕਿਤੇ ਫ਼ੈਸਲਾ ਲੈਣ ਵਿਚ ਕੋਈ ਮਤਭੇਦ ਹੋਣ ਤਾਂ ਉਨ੍ਹਾਂ ਲਈ ਖ਼ੁਦਗਰਜ਼ੀ ਜਾਂ ਫ਼ਰੇਬ ਨਾਲ ਕੁਝ ਵੀ ਨਾ ਕਰਕੇ ਮੇਲ ਦੇ ਬੰਧ ਵਿਚ ਆਤਮਾ ਦੀ ਏਕਤਾ ਨੂੰ ਬਣਾਈ ਰੱਖਣਾ ਜ਼ਰੂਰੀ ਸੀ (ਅਫ਼ਸੀਆਂ 4:3)। ਹਰ ਕਿਸੇ ਨੂੰ ਦੂਜੇ ਦਾ ਸਤਿਕਾਰ ''ਆਪਣੇ ਆਪ ਤੋਂ ਉੱਤਮ ਜਾਣ'' ਕੇ ਕਰਨਾ (ਫ਼ਿਲਿੱਪੀਆਂ 2:3) ਭਾਵ ਦੂਜੇ ਐਲਡਰਾਂ ਦੇ ਵਿਚਾਰਾਂ ਅਤੇ ਫ਼ੈਸਲਿਆਂ ਦਾ ਸਤਿਕਾਰ ਜ਼ਰੂਰੀ ਸੀ। ਪ੍ਰਭੂ ਦੀ ਕਲੀਸੀਆ ਵਿਚ ਕਿਸੇ ਹੋਰ ਤਰ੍ਹਾਂ ਦੀ ਲੀਡਰਸ਼ਿਪ ਦਾ ਪ੍ਰਬੰਧ ਨਹੀਂ ਮਿਲਦਾ ਹੈ। ਖ਼ੁਦਾ ਨੇ ਕਿਸੇ ਤਰ੍ਹਾਂ ਦੇ ''ਹੈੱਡ ਬਿਸ਼ਪਾਂ, ਡਿਸਟ੍ਰਿਕਟ ਬਿਸ਼ਪਾਂ, ਕਾਰਡੀਨਲਾਂ, ਪੋਪਾਂ ਜਾਂ ਰਸੂਲਾਂ ਦੀ ਗੱਦੀ'' 'ਤੇ ਬਿਠਾਉਣ ਲਈ ਕਿਸੇ ਨੂੰ ਨਹੀਂ ਠਹਿਰਾਇਆ ਸੀ। ਪ੍ਰਭੂ ਵੱਲੋਂ ਬਣਾਇਆ ਗਿਆ ਰੂਹਾਨੀ ਪ੍ਰਬੰਧ ਉਸ ''ਪ੍ਰਧਾਨ ਚਰਵਾਹੇ'' ਵੱਲੋਂ ਜੋ ਉਨ੍ਹਾਂ ਨੂੰ ਸਮਰਪਣ ਅਤੇ ਨੇਮ ਲਈ ਵਡਿਆਈ ਦਾ ਤਾਜ ਦੇਵੇਗਾ, ਚਰਵਾਹਿਆਂ ਦੇ ਤੌਰ 'ਤੇ ਯੋਗ ਲੋਕਾਂ ਲਈ ਸੀ (1 ਪਤਰਸ 5:4)।

ਖ਼ੁਦਾ ਦਾ ਇੰਤਜ਼ਾਮ ਹੀ ਕਾਫ਼ੀ ਹੈ; ਇਸ ਵਿਚ ਕੁਝ ਹੋਰ ਜੋੜਨ ਦੀ ਲੋੜ ਨਹੀਂ ਹੈ। ਰਸੂਲਾਂ ਦੇ ਕੰਮ ਕਿਤਾਬ ਖ਼ੁਦਾ ਵੱਲੋਂ ਆਪਣੀਆਂ ਕਲੀਸੀਆ ਵਿਚ ਉਸ ਪ੍ਰਬੰਧ ਨੂੰ ਲਾਗੂ ਕਰਨ ਦਾ ਇਤਿਹਾਸ ਹੈ।

ਟਿੱਪਣੀਆਂ

[1]ਕਿਸੇ ਗ਼ੈਰ ਕੌਮ ਦੇਸ਼ ਦੀ ਇਕ ਮਿਸਾਲ ਅੱਸ਼ੂਰ ਦੀ ਰਾਜਧਾਨੀ ਨੀਨਵੇ ਹੈ। ਯੂਨਾਹ ਨਾਂਅ ਦੇ ਇਕ ਇਸਰਾਏਲੀ ਨਬੀ ਨੂੰ ਨੀਨਵੇ ਦੇ ਲੋਕਾਂ ਨੂੰ ਤੌਬਾ ਕਰਨ ਦਾ ਮੌਕਾ ਦੇਣ ਲਈ ਭੇਜਿਆ ਗਿਆ ਸੀ (ਯੂਨਾਹ 1:1, 2; 3:1-4)। ਯੂਨਾਹ ਨੇ ਉਨ੍ਹਾਂ ਨੂੰ ਮੂਸਾ ਦੀ ਸ਼ਰ੍ਹਾ ਮੰਨਣ ਲਈ ਨਹੀਂ ਕਿਹਾ ਸੀ, ਕਿਉਂਕਿ ਇਹ ਉਨ੍ਹਾਂ ਤੇ ਲਾਗੂ ਨਹੀਂ ਹੁੰਦੀ ਸੀ। ਇਹ ਨਿਚੋੜ ਕੱਢਿਆ ਜਾਣਾ ਚਾਹੀਦਾ ਹੈ ਕਿ ਖ਼ੁਦਾ ਇਨ੍ਹਾਂ ਗ਼ੈਰ ਕੌਮਾ ਨੂੰ ਪਾਪਾਂ ਤੋਂ ਤੌਬਾ ਕਰਨ ਦਾ ਮੌਕਾ ਦੇ ਰਿਹਾ ਸੀ; ਅਤੇ ਪਾਪ ਤਾਂ ਸ਼ਰ੍ਹਾ ਦਾ ਵਿਰੋਧ ਹੈ (ਰੋਮੀਆਂ 4:15; 5:13; 1 ਯੂਹੰਨਾ 3:4)। ਇਸ ਲਈ ਉਹ ਖ਼ੁਦਾ ਦੀ ਕਿਸੇ ਨਾ ਕਿਸੇ ਸ਼ਰ੍ਹਾ ਦੇ ਅਧੀਨ ਜ਼ਰੂਰ ਸਨ। [2]ਵਧੇਰੇ ਵਿਆਖਿਆ ਲਈ ਪਿਛਲਾ ਪਾਠ ਵੇਖੋ। [3]ਤੀਤੁਸ 1:5: ਵਿਚ ਪ੍ਰੈਸੱਬਿਉਟਰੋਸ ਰੂਪ ਦੀ ਵਰਤੋਂ ਕੀਤੀ ਗਈ ਹੈ, ਜਿਸ ਨੂੰ ਅੰਗ੍ਰੇਜ਼ੀ ਦੀਆਂ KJV, NIV ਅਤੇ NASB ਬਾਈਬਲਾਂ ਵਿਚ ‘‘elder’’ ਅਤੇ ਪੰਜਾਬੀ ਬਾਈਬਲ ’ਚ ‘‘ਬਜ਼ੁਰਗ’’ ਅਨੁਵਾਦ ਕੀਤਾ ਗਿਆ ਹੈ। ਤੀਤੁਸ 1:7 ਵਿਚ ਏਪਿਸਕੋਪੋਸ ਸ਼ਬਦ ਦੀ ਵਰਤੋਂ ਕੀਤੀ ਗਈ ਹੈ ਜਿਸ ਨੂੰ ਅੰਗ੍ਰੇਜ਼ੀ ਦੀ KJV ਵਾਲੀ ਬਾਈਬਲ ’ਚ ‘‘ਬਿਸ਼ਪ’’ ਅਤੇ NIV ਅਤੇ NASB ਅਤੇ ਪੰਜਾਬੀ ਬਾਈਬਲ ਵਿਚ ‘‘ਨਿਗਾਹਬਾਨ’’ ਅਨੁਵਾਦ ਕਰਕੇ ਹੇਠਾਂ ਟਿੱਪਣੀ ਵਿਚ ‘‘ਬਿਸ਼ਪ’’ ਲਿਖਿਆ ਗਿਆ ਹੈ।

© 2009 Truth for Today